Y-12|2110 ਸਮੈਸਟਰ-3 10543|NL

ਪੇਪਰ: ਪੰਜਾਬੀ ਲਾਜ਼ਮੀ-307

ਸਮਾਂ : 3 ਘੰਟੇ ਕੁੱਲ ਅੰਕ: 75

1. ਹੇਠ ਲਿਖੀਆਂ ਵਿਚੋਂ ਕਿਸੇ ਇਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ:
   - (ੳ) ਦਰਦ
   - (ਅ) ਕਸਤੂਰੀ
   - (ੲ) ਵਾਰਿਸ (12)
2. ਹੇਠ ਲਿਖਿਆਂ ਵਿਚੋਂ ਕਿਸੇ ਇਕ ਦਾ ਪਾਤਰ ਚਿਤਰਨ ਕਰੋ:
   - (ੳ) ਜਸਬੀਰ (ਵਾਰਿਸ)
   - (ਅ) ਰੀਤਾ (ਘਰ)
   - (ੲ) ਆਲਾ ਸਿੰਘ (ਉਜਾੜ) (12)
3. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁਕਵਾਂ ਸਿਰਲੇਖ ਦਿਓ:

   ਧਾਰਮਿਕ ਸਾਹਿਤ ਪਵਿੱਤਰਤਾ ਦਾ ਉਹ ਦਰਜ਼ਾ ਪ੍ਰਾਪਤ ਕਰ ਲੈਂਦਾ ਹੈ ਕਿ ਇਹ ਸਾਹਿਤ ਤੋਂ ਇਕ ਵੱਖਰੀ ਪਹਿਚਾਣ ਦਾ ਮਾਲਕ ਬਣ ਜਾਂਦਾ ਹੈ। ਮੂਲ ਰੂਪ ਵਿਚ ਧਾਰਮਿਕ ਸਾਹਿਤ ਦੇਵੀਆਂ, ਦੇਵਤਿਆਂ, ਧਰਮ ਗੁਰੂਆਂ, ਪੀਰਾਂ, ਫਕੀਰਾਂ, ਸੰਤਾਂ, ਮਹਤਾਮਾਂ ਦੇ ਜਨਮ ਅਤੇ ਜੀਵਨ ਦੇ ਇਰਦ-ਗਿਰਦ ਉੱਸਰਿਆ ਹੁੰਦਾ ਹੈ। ਮਿਥਾਂ ਵਾਲੀ ਉਚਤਾ ਅਤੇ ਸੁੱਚਤਾ ਧਾਰਮਿਕ ਸਾਹਿਤ ਨੂੰ ਪ੍ਰਾਪਤ ਹੋ ਜਾਂਦੀ ਹੈ। ਸਮਾਨ ਧਰਮੀ ਹੋਣ ਦੇ ਬਾਵਜੂਦ ਧਾਰਮਿਕ ਸਾਹਿਤ ਮਿਥਾਂ ਤੋਂ ਕੁਝ ਅੰਤਰ ਰੱਖਦਾ ਹੈ। ਧਾਰਮਿਕ ਸਾਹਿਤ ਮਨੁੱਖ ਨੂੰ ਸੰਸਾਰ ਵਿਚੋਂ ਖਾਰਜ਼ ਨਹੀਂ ਕਰਦਾ ਸਗੋਂ ਮਨੁੱਖ ਨੂੰ ਲੌਕਿਕ ਸੰਸਾਰ ਤੋਂ ਪਰਾਲੌਕਿਕ ਸੰਸਾਰ ਵੱਲ ਲੈ ਜਾਂਦਾ ਹੈ ਪਰ ਮਿਥ ਵਿਚ ਮਨੁੱਖੀ ਸੰਸਾਰ ਨੂੰ ਕੋਈ ਦਰਜਾ ਜਾਂ ਸਥਾਨ ਨਹੀਂ ਦਿੱਤਾ ਜਾਂਦਾ। (9)
4. ਵਿਆਕਰਨਕ ਇਕਾਈ ਕੀ ਹੁੰਦੀ ਹੈ? ਪੰਜਾਬੀ ਦੀਆਂ ਮੂਲ ਵਿਆਕਰਨਕ ਇਕਾਈਆਂ ਤੇ ਨੋਟ ਲਿਖੋ।

   ਜਾਂ

   ਵਾਕ ਅਤੇ ਉਪਵਾਕ ਵਿਚ ਅੰਤਰ ਸਪੱਸ਼ਟ ਕਰਦੇ ਹੋਏ ਵਾਕ ਦੀਆਂ ਕਿਸਮਾਂ 'ਤੇ ਨੋਟ ਲਿਖੋ। (12)
5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ:
   - i. 'ਸੁੱਚਾ ਤਿੱਲਾ' ਕਹਾਣੀ ਵਿਚ ਸੁੱਚਾ ਤਿੱਲਾ ਕਿਸ ਦਾ ਪ੍ਰਤੀਕ ਹੈ?
   - ii. ਗੁਰਜੰਟ ਦੀ ਪਤਨੀ ਦੀ ਮੌਤ ਕਿਵੇਂ ਹੋਈ?
   - iii. ਡੇਰੇ ਦੀ ਕੰਧ ਤੱਕ ਦਿਸਦੀਆਂ ਟਾਹਲੀਆਂ ਦੀਆਂ ਜੜ੍ਹਾਂ ਵਿਚ ਤੇਜ਼ਾਬ ਕਿਸਨੇ ਅਤੇ ਕਿਉਂ ਪਵਾਇਆ?
   - iv. ਬਾਪੂ ਦੀਆਂ ਗੱਲਾਂ ਸੁਣ ਕੇ ਕਰਮੇ ਨੂੰ ਕੀ ਚੇਤੇ ਆ ਗਿਆ?
   - v. ਕੋਰਟ ਵਿਚ ਸੁਰੀਦ ਦੀ ਮੁਲਾਕਾਤ ਅਚਾਨਕ ਕਿਸ ਨਾਲ ਹੋ ਗਈ ਸੀ?
   - vi. ਰੀਤਾ ਨੇ ਭੁੱਲਰ ਨਾਲ ਵਿਆਹ ਲਈ ਹਾਂ ਕਿਉਂ ਕੀਤੀ ਸੀ?
   - vii. 'ਲੰਘਦਿਆਂ ਵੜਦਿਆਂ' ਕਹਾਣੀ ਇਕੱਲਤਾ ਦਾ ਸੰਤਾਪ ਹੰਢਾਉਂਦੇ ਮਾਪਿਆਂ ਦੀ ਕਥਾ ਸਿਰਜਦੀ ਹੈ। ਸਪੱਸ਼ਟ ਕਰੋ
   - viii. 'ਕਥਾ ਵਾਰਤਾ' ਪੁਸਤਕ ਦੇ ਸੰਪਾਦਕਾਂ ਦੇ ਨਾਮ ਲਿਖੋ।
   - ix. ਅਵਿਕਾਰੀ ਸ਼ਬਦ ਕਿਹੜੇ ਹੁੰਦੇ ਹਨ?
   - x. ਵਾਕੰਸ਼ ਕੀ ਹੁੰਦਾ ਹੈ?
   - xi. ਵਧੇਤਰ ਕਿੰਨੀ ਪ੍ਰਕਾਰ ਦੇ ਅਤੇ ਕਿਹੜੇ ਕਿਹੜੇ ਹਨ?
   - xii. ਮੂਲ ਜਾਂ ਧਾਤੂ ਤੋਂ ਕੀ ਭਾਵ ਹੈ?
   - xiii. ਸਧਾਰਨ ਵਾਕ ਅਤੇ ਮਿਸ਼ਰਿਤ ਵਾਕ ਵਿਚ ਅੰਤਰ ਸਪੱਸ਼ਟ ਕਰੋ।
   - xiv. ਕੋਈ ਤਿੰਨ ਸਵਾਲੀਆ ਵਾਕ ਬਣਾਓ।
   - xv. ਬੰਧੇਜੀ ਅਤੇ ਸੁਤੰਤਰ ਭਾਵਾਂਸ਼ ਵਿਚ ਕੀ ਅੰਤਰ ਹੈ? (15X2=30)